# ਪੰਜਾਬ ਵ/ਸ ਅਤੇ ਸੀਵਰੇਜ਼ ਹਲਕਾ, ਅੰਮ੍ਰਿਤਸਰ ।

ਸੇਵਾ ਵਿਖੇ,

ਮੁੱਖ ਇੰਜੀਨੀਅਰ (ਪੱਛਮੀ),
ਪੰਜਾਬ ਵ/ਸ ਅਤੇ ਸੀਵਰੇਜ ਬੋਰਡ,
ਅੰਮ੍ਰਿਤਸਰ ।

ਨਵੀਂ ਡਾਕ
ਸੁਪਰਡੰਟ
ਲੇਖਾਕਾਰ
ਮਨਨ
ਕਾ: ਇੰਜ:
15/6/18

ਨੰਬਰ ਮਿਤੀ

ਵਿਸ਼ਾ:- ਕੁਆਲਟੀ ਕੰਟਰੋਲ ਟੀਮ ਵੱਲੋ ਮਿਤੀ 06-03-2018 ਅਤੇ 07-03-2018 ਨੂੰ ਅੰਮ੍ਰਿਤਸਰ ਦੇ ਕੰਮ ਚੈਕ ਕਰਨ ਸਬੰਧੀ।

ਹਵਾਲਾ:- ਮੁੱਖ ਦਫਤਰ ਦਾ ਪੱਤਰ ਨੰਬਰ ਪਵਸਸਬ-2018/ਕੁ.ਕੰ.4799 ਮਿਤੀ 16-03-2018

ਉਪਰੋਕਤ ਵਿਸ਼ੇ ਅਧੀਨ ਪੱਤਰ ਦੇ ਸੰਬੰਧ ਵਿੱਚ ਕੁਆਲਟੀ ਕੰਟਰੋਲ ਟੀਮ ਵਲੋ ਚੈਕ ਕੀਤੇ ਵੱਖ-ਵੱਖ ਕੰਮਾਂ ਤੇ ਕੁੱਝ ਇਤਰਾਜ ਲਗਾਏ ਸਨ, ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ: 1, ਅੰਮ੍ਰਿਤਸਰ ਵੱਲੋ ਪ੍ਰਾਪਤ ਹੋਏ ਨੁਕਤਾ ਵਾਈਜ ਜੁਆਬ ਹੇਠ ਲਿਖੇ ਅਨੁਸਾਰ ਹਨ ਜੀ:-

**A. Extension & Augmentation of Sewerage scheme 1400mm dia at Majitha Road Amritsa (Under JICA) Agency M/s. OCR Limited.**

1) ਮਜੀਠਾ ਰੋਡ ਸੀਵਰ ਦੇ ਕੰਮ ਦੀ ਸਾਈਡ ਤੇ ਪ੍ਰੋਟੇਕਸ਼ਨ ਕਰਵਾ ਦਿਤੀ ਗਈ ਹੈ ਅਤੇ ਕਾਸਟ ਟ੍ਰੇਪ ਵੀ ਲਗਵਾ ਦਿਤੀ ਗਈ ਹੈ ।

2). ਸਾਈਟ ਤੇ 1400 ਐਮ.ਐਮ ਆਰ.ਸੀ.ਸੀ ਐਨ.ਪੀ-3 ਪਾਈਪ ਜਿਨਾਂ ਦੀਆਂ ਲਾਈਨਿੰਗ ਫੁੱਲੀ ਹੋਈ ਸੀ ਉਹ ਮੋਕੇ ਤੋ ਚੁੱਕਵਾ ਦਿਤੀਆਂ ਗਈਆਂ ਹਨ ਜੀ । ਇਸ ਦੀ ਰਿਪੋਰਟ ਇਸ ਦਫਤਰ ਦੇ ਪੱਤਰ ਨੰਬਰ 447 ਮਿਤੀ 28-03-2018 ਨਾਲ ਭੇਜੀ ਜਾ ਚੁੱਕੀ ਹੈ ਜੀ ।

3) ਬੈਂਚ ਮਾਰਕ ਨੇੜੇ ਨੇੜੇ ਕਰਵਾ ਦਿਤੇ ਗਏ ਹਨ ਜੀ ।

4) ਮਜੀਠਾ ਰੋਡ ਤੇ 1400 ਐਮ.ਐਮ ਡਾਇਆ ਦਾ ਜੋ ਸੀਵਰ ਲਗਾਇਆ ਗਿਆ ਹੈ, ਉਸ ਦੇ ਮੇਨਹੋਲ ਬਣਵਾ ਦਿਤੇ ਗਏ ਹਨ, ਸਿਰਫ ਇਕ ਮੈਨਹੋਲ, ਜਿੱਥੇ ਐਗਜਿਸਟਿੰਗ ਸੀਵਰ ਨਾਲ ਜੁੜਨਾ ਹੈ, ਬਣਨ ਵਾਲਾ ਰਹਿੰਦਾ ਹੈ ।

5) ਸਾਈਟ ਤੇ ਪੀ.ਸੀ.ਸੀ ਲੇ ਕਰਨ ਲਈ ਫਰਮਾ ਕੰਪਨੀ ਵਲੋ ਉਪਲੱਬਧ ਕਰ ਦਿਤਾ ਗਿਆ ਹੈ ।

**B) Extension & Augmentation of Sewerage scheme 500mm dia at Meeran Kot Road Amritsar (Under JICA) Agency M/s. OCR Limited.**

1) ਮੀਰਾ ਕੋਟ ਤੇ ਕੁਆਲਟੀ ਟੀਮ ਵਲੋ ਜੋ ਮੇਨਹੋਲ ਚੈਕ ਕੀਤਾ ਗਿਆ, ਉਸ ਨੂੰ ਤੁੜਵਾਕੇ ਦੋਬਾਰਾ ਬਣਵਾ ਦਿਤਾ ਗਿਆ ਹੈ ।

2) ਇਸ ਰੋਡ ਉੱਪਰ ਬਣੇ ਮੇਨਹੋਲਾਂ ਦੀ ਕੋਪਿੰਗ ਤੁੜਵਾਕੇ ਦੋਬਾਰਾ ਬਣਵਾ ਦਿਤੀ ਗਈ ਹੈ ।

3) ਮੇਨਹੋਲ ਸਟੈਪ ਜੋ ਕਿ ਕੈਪੀਟਲ ਮੇਕ ਦੇ, ਜਿਸ ਵਿੱਚ 10 ਐਮ.ਐਮ ਡਾਈ.ਡੀ ਦਾ ਸਰੀਆ ਸੀ, ਤੁੜਵਾਕੇ ਸਪੈਸੀਫਿਕੇਸ਼ਨਾਂ ਮੁਤਾਬਿਕ ਸਟੈਪ ਲਗਵਾ ਦਿਤੇ ਗਏ ਹਨ ਅਤੇ ਸਬੰਧਤ ਕੰਪਨੀ ਨੂੰ ਵੀ ਹਦਾਇਤ ਕਰ ਦਿਤੀ ਗਈ ਹੈ ਕਿ ਇਸ ਰੀਚ ਤੇ ਬਣੇ ਮੇਨਹੋਲਾਂ ਦੇ ਸਟੈਪ ਜੋ ਕੈਪੀਟਲ ਮੇਕ ਦੇ ਹਨ, ਤੁੜਵਾਕੇ ਸਪੈਸੀਫਿਕੇਸ਼ਨ ਮੁਤਾਬਿਕ ਲਗਵਾਏ ਜਾਣ । ਇਸ ਸਬੰਧੀ ਰਿਪੋਰਟ ਮੇਨਹੋਲਾਂ ਵਿੱਚ ਸਟੈਪ ਲਗੱਣ ਉਪਰੰਤ ਕਰ ਦਿਤੀ ਜਾਵੇਗੀ ।

**C. STP North 95 MLD ASP Gausabad (Under JICA) Agency:- M/s. Shapoorji & Pallonji (P) Limited.**

1) ਐਸ.ਟੀ.ਪੀ ਉਤੇ Clarifier ਦੀ Finishing ਬਾਹਰਲੇ ਪਾਸਿਓ ਕਰਵਾ ਦਿਤੀ ਗਈ ਹੈ ।

2) Clarifier ਦੀ Wear Wall ਉੱਪਰ ਜੋ Chipping ਦੇ ਨਿਸ਼ਾਨ ਸਨ, ਉਨਾਂ ਦੀ ਰਿਪੇਅਰ ਕਰਵਾ ਦਿਤੀ ਗਈ ਹੈ ।

3) Boilogical Sump Pump House ਦੀ ਛੱਤ ਦੀ ਸਲੈਬ ਅਤੇ ਬਰੀਕ ਵਰਕ ਵਿੱਚ ਪਲਸੱਤਰ ਦਾ ਜੋ Crack ਸੀ, ਉਸ ਨੂੰ ਰਿਪੇਅਰ ਕਰਵਾ ਦਿਤਾ ਗਿਆ ਹੈ ।

4) Soil Conservation ਵਿਭਾਗ ਨੂੰ ਪੱਤਰ ਲਿਖਕੇ ਕਾਰਵਾਈ ਕਰਨ ਲਈ ਕੇਸ ਟੇਕ ਅਪ ਕੀਤਾ ਜਾ ਰਿਹਾ ਹੈ ।

5) Areation Tank ਵਿੱਚ Areation Tank ਉੱਤੇ ਜੋ ਜੰਗ ਲਗਿਆ ਹੋਇਆ ਸੀ, ਉਸ ਨੂੰ ਗਰਾਈਡਿੰਗ ਕਰਵਾਕੇ ਪੇਂਟ ਕਰਵਾ ਦਿਤਾ ਗਿਆ ਹੈ ।

6) ਐਸ.ਟੀ.ਪੀ ਦੇ ਰੇਲਿੰਗ ਦੇ ਜੁਆਇੰਟਾਂ ਦੀ ਗਰਾਈਡਿੰਗ ਕਰਵਾਕੇ ਉਨਾਂ ਉੱਪਰ ਪ੍ਰਾਈਮਰ ਕੋਟ ਲਗਾਕੇ ਉਸ ਉੱਪਰ ਪੇਂਟ ਕਰਵਾ ਦਿਤਾ ਗਿਆ ਹੈ ਜੀ ।

ਨਿਮਨਹਸਤਾਖਰ ਕਾਰਜਕਾਰੀ ਇੰਜੀਨੀਅਰ ਵੱਲੋ ਦਿੱਤੇ ਗਏ ਜਵਾਬ ਨਾਲ ਸਹਿਮਤ ਹਨ ।

ਇਹ ਆਪ ਜੀ ਦੀ ਸੂਚਨਾਂ ਅਤੇ ਅਗਲੀ ਯੋਗ ਕਾਰਵਾਈ ਹਿੱਤ ਹੈ ਜੀ ।

ਨਿਗਰਾਨ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਹਲਕਾ,
ਅੰਮ੍ਰਿਤਸਰ ।

ਪਿੱਠ ਅੰਕਣ ਨੰਬਰ 2369 ਮਿਤੀ 15/6/18

ਉਪਰੋਕਤ ਦੀ ਨਕਲ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ: 1, ਅੰਮ੍ਰਿਤਸਰ ਨੂੰ ਉਨਾਂ ਦੇ ਦਫਤਰ ਦੇ ਪੱਤਰ ਨੰ: 893 ਮਿਤੀ 25-05-2018 ਦੇ ਸਬੰਧ ਵਿੱਚ ਸੂਚਨਾਂ ਹਿੱਤ ਭੇਜੀ ਜਾਂਦੀ ਹੈ ।

14/6/16
ਨਿਗਰਾਨ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਹਲਕਾ,
ਅੰਮ੍ਰਿਤਸਰ । 15/6